## 'ਪੀ.ਆਰ.ਟੀ.ਸੀ. ਨੇ 3 ਪੈਸੇ ਕਿਰਾਇਆ ਵਧਾਉਣ ਲਈ ਪ੍ਰਸਤਾਵ ਭੇਜਿਆ

### ਡੀਜ਼ਲ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਕਾਰਨ ਵੱਧ ਰਿਹੈ ਪੀ.ਆਰ.ਟੀ.ਸੀ. ਦਾ ਖਰਚਾ

ਪਟਿਆਲਾ, 11 ਸਤੰਬਰ (ਜਸਪਾਲ ਸਿੰਘ ਢਿੱਲੋਂ)-ਪੀ.ਆਰ.ਟੀ.ਸੀ. ਦੀ ਵਿੱਤੀ ਹਾਲਤ ਨੂੰ ਇਸ ਵੇਲੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਨੇ ਡਗਮਗਾ ਕੇ ਰੱਖ ਦਿੱਤਾ ਹੈ। ਇਸ ਲਈ ਪੀ.ਆਰ.ਟੀ.ਸੀ. ਨੇ ਇਸ ਸਥਿਤੀ ਨਾਲ ਨਿਬੜਣ ਲਈ ਰਾਜ ਸਰਕਾਰ ਨੂੰ ਇਕ ਪ੍ਰਸਤਾਵ ਬਣਾ ਕੇ ਪੱਤਰ ਲਿਖਿਆ ਹੈ ਕਿ ਰਾਜ ਅੰਦਰ ਬੱਸਾਂ ਦੇ ਕਿਰਾਏ 'ਚ 3 ਪੈਸੇ ਪ੍ਰਤੀ ਕਿੱਲੋਮੀਟਰ ਵਧਾਇਆ ਜਾਵੇ। ਇਸ ਦੀ ਪੁਸ਼ਟੀ ਪੀ.ਆਰ.ਟੀ.ਸੀ. ਦੇ ਪ੍ਰਬੰਧਕ ਨਿਰਦੇਸ਼ਕ ਮਨਜੀਤ ਸਿੰਘ ਨਾਰੰਗ ਨੇ ਕੀਤੀ ਹੈ। ਇਸ ਵੇਲੇ ਰਾਜ ਅੰਦਰ ਬੱਸਾਂ ਦਾ ਕਿਰਾਇਆ 1.10 ਰੁਪਏ ਪ੍ਰਤੀ ਕਿੱਲੋਮੀਟਰ ਹੈ। ਪੀ.ਆਰ.ਟੀ.ਸੀ. ਨੇ ਸਰਕਾਰ ਨੂੰ ਲਿਖੇ ਪੱਤਰ 'ਚ ਆਖਿਆ ਹੈ ਕਿ 1 ਜੂਨ 2018 ਨੂੰ ਡੀਜ਼ਲ ਦੀ ਕੀਮਤ 68.46 ਰੁਪਏ ਪ੍ਰਤੀ ਲੀਟਰ ਸੀ ਜੋ ਹੁਣ ਵੱਧ ਕੇ 72.68 ਰੁਪਏ ਪ੍ਰਤੀ ਲੀਟਰ 'ਤੇ ਪਹੁੰਚ ਗਿਆ ਹੈ ਤੇ ਇਹ ਵਾਧਾ ਲਗਾਤਾਰ ਜਾਰੀ ਹੈ ਜਿਸ ਕਾਰਨ ਆਉਣ ਵਾਲੇ ਸਮੇਂ 'ਚ ਇਹ ਕੌੜਾ ਘੁੱਟ ਭਰਨਾ ਹੀ ਪੈ ਸਕਦਾ ਹੈ।

'ਅਜੀਤ'

## पी.आर.टी.सी. का पटियाला से दिल्ली एयरपोर्ट के लिए एक नया टाइम शुरू

पटियाला (धीर): पी.आर.टी.सी. की तरफ से पटियाला निवासियों की सुविधा के लिए पहले से चलाई जा रही पटियाला से दिल्ली हवाई अड्डों के लिए सर्विस में विस्तार करते एक और बस सेवा (इंटैगरल प्रशिक्षक) शुरू की है। एम.डी. पी.आर.टी.सी. मनजीत सिंह नारंग ने बताया कि जो सर्विस शाम 4 बजे पटियाला से दिल्ली हवाई अड्डे को चलाई जा रही थी, उसको पटियालावासियों की तरफ से भारी स्वीकृत किया गया है। नारंग ने बताया कि पटियालावासियों के लिए शाम 6:10 बजे दिल्ली हवाई अड्डे के लिए नया टाइम शुरू किया गया है। यह बस शाम 6:10 बजे से पटियाला बस अड्डे से चलकर रात 12:30 बजे दिल्ली के अंतर्राष्ट्रीय हवाई अड्डे पर पहुंचेगी। पटियाला वापसी के लिए देर रात 1:30 बजे हवाई अड्डे से चलेगी और आई.एस.बी.टी. दिल्ली से 3 बजे होते हुए यह बस तकरीबन 8 बजे सुबह पटियाला पहुंचेगी। उन्होंने बताया कि इन बसों की ऑनलाइन बुकिंग पी.आर.टी.सी. की वैबसाइट पर पी.आर.टी.सी. की मोबइल एप्लीकेशन से किसी भी समय की जा सकती है।

'दैनिक सवेरा'

## ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ

ਬਠਿੰਡਾ 11 ਸਤੰਬਰ (ਜਸਵਿੰਦਰ ਸਿੰਘ ਅਰੋੜਾ, ਪੀ.ਐਸ ਮਿੱਠਾ): ਪੀ.ਆਰ.ਟੀ.ਸੀ ਬਠਿੰਡਾ ਡੀਪੂ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਬੱਸ ਸਟੈਂਡ ਬਠਿੰਡਾ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਪ੍ਰਧਾਨ ਬਾਲੀ ਸਿੰਘ ਨੇ ਕੀਤੀ। ਵੱਡੀ ਗਿਣਤੀ ਵਿੱਚ ਫੈਮਲੀ ਪੈਨਸ਼ਨਰ ਤੇ ਪੈਨਸ਼ਨਰ ਹਾਜਰ ਹੋਏ। ਪੰਜਾਬ ਸਰਕਾਰ ਵੱਲੋਂ 36 ਕਰੋੜ ਰੁਪਿਆ ਪੀ.ਆਰ.ਟੀ.ਸੀ ਮਹਿਕਮੇ ਨੂੰ ਦਿੱਤਾ ਗਿਆ। ਜਿਸ ਨਾਲ ਮਹਿਗਾਈ ਭੱਤੇ ਦੀ ਕਿਸ਼ਤ ਜਨਵਰੀ 2014 ਤੋਂ ਸਤੰਬਰ 2014 ਤੱਕ 10 ਪ੍ਰਤੀਸ਼ਤ ਕਿਸ਼ਤ ਪੈਨਸ਼ਨਰਾਂ ਨੂੰ ਐਮ. ਡੀ. ਨੇ ਮੈਡੀਕਲ ਬਿੱਲ 31 ਦਸੰਬਰ 2017 ਤੱਕ ਦੇ ਕੇ ਦਿੱਤੇ ਗਏ। ਸਾਲ 2005 ਤੋਂ 2007 ਤੱਕ ਦਾ ਬਕਾਇਆ, ਓਵਰ ਟਾਈਮ ਪੈਨਸ਼ਨਰਾਂ ਨੂੰ ਮਿਲ ਗਿਆ ਤੇ ਹੋਰ ਅਦਾਇਗੀਆਂ ਪੈਨਸ਼ਨਰਾਂ ਅਤੇ ਵਰਕਰਾਂ ਨੂੰ ਮਿਲਿਆ। ਸਰਕਾਰ ਤੇ ਐਮ.ਡੀ. ਪੀਆਰਟੀਸੀ ਬਠਿੰਡਾ ਡੀਪੂ ਦੇ ਪੈਨਸ਼ਨਰਾਂ ਨੇ ਧੰਨਵਾਦ ਕੀਤਾ ਤੇ ਉਮੀਦ ਜਤਾਈ ਕਿ ਰਹਿੰਦੇ ਹੋਏ ਬਕਾਏ ਜਲਦ ਹੀ ਦਿੱਤੇ ਜਾਣ, ਪੈਨਸ਼ਨ ਠੀਕ ਢੰਗ ਨਾਲ ਮਿਲ ਰਹੀ ਹੈ, ਕੱਚੇ ਕਾਮੇ ਪੱਕੇ ਕੀਤੇ ਜਾਣ, ਵਰਕਰਾਂ ਨੂੰ ਸਮੇਂ ਸਿਰ ਤਨਖਾਹਾਂ ਦਿੱਤੀਆਂ ਜਾਣ, ਕਿਸੇ ਕਾਰਨ ਪੈਨਸ਼ਨ ਤੋਂ ਵਾਂਝੇ ਰਹਿ ਗਏ ਕਾਮਿਆਂ ਨੂੰ ਪੈਨਸ਼ਨ ਦਿੱਤੀ ਜਾਵੇ, ਟਾਈਮ ਟੇਬਲ ਵਿੱਚ ਸੁਧਾਰ ਕੀਤੀ ਜਾਵੇ, ਬਠਿੰਡਾ ਡੀਪੂ ਦੇ ਸਾਰੇ ਪੈਨਸ਼ਨਰਾਂ ਨੂੰ ਮਹੀਨੇ ਦੀ 11 ਤਰੀਕ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਸਮੇਂ ਪ੍ਰੀਤਮ ਸਿੰਘ ਬਰਾੜ,ਗੁਰਤੇਜ ਸਿੰਘ ਨੰਬਰਦਾਰ, ਰੂਪ ਚੰਦ, ਨਛੱਤਰ ਸਿੰਘ ਸੰਦੋਹਾ ਅਤੇ ਰੂੜ੍ਹ ਸਿੰਘ ਆਦਿ ਸ਼ਾਮਲ ਸਨ।

'ਰੋਜ਼ਾਨਾ [illegible]'

ਜਾਣਕਾਰੀ ਹਿੱਤ ਪੇਸ਼ ਹੈ ਜੀ

[signature] 12/09/18

## ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ

### ਟੈਂਡਰ ਨੋਟਿਸ

ਪੀ ਆਰ ਟੀ ਸੀ, ਪੰਜਾਬ ਵਿਚ ਵੱਖ-ਵੱਖ ਸਟੇਸ਼ਨਾਂ ਤੋਂ ਦਿੱਲੀ ਅਤੇ ਦੂਰੋਂ ਤੱਕ ਆਪਣੀਆਂ ਇੰਟੈਗਰਲ ਕੋਚਸ, ਐਚ ਵੀ ਏ ਸੀ ਅਤੇ ਸਾਧਾਰਨ ਬੱਸਾਂ ਚਲਾ ਰਿਹਾ ਹੈ, ਬੱਸਾਂ ਦੀ ਹਾਲਟਿੰਗ ਲਈ ਬੇਸਿਕ ਅਮੈਨਟੀਜ਼, ਉਚਿਤ ਪਾਰਕਿੰਗ ਸਪੇਸ, ਐਨ ਐਚ-1 'ਤੇ ਮੌਜੂਦਾ/ਅਧਿਕਾਰਿਤ ਐਂਟਰੈਂਸ ਰੱਖਦੇ ਰਾਜਪੁਰਾ, ਕਰਨਾਲ ਅਤੇ ਮੁਰਥਲ ਦੁਆਲੇ ਅਤੇ ਵਿਚ ਐਨ ਐਚ-1 ਵਿਖੇ ਸਥਿਤ ਹੋਟਲਜ਼/ਰੈਸਟੋਰੈਂਟਸ/ਢਾਬਿਆਂ ਦੇ ਮਾਲਕਾਂ ਤੋਂ ਮੋਹਰਬੰਦ ਬੋਲੀਆਂ ਦੀ ਮੰਗ ਕਰਦਾ ਹੈ। ਟੈਂਡਰ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਰੁ: 1000/- ਦੀ ਅਦਾਇਗੀ 'ਤੇ ਜੀ ਐਮ (ਆਪ੍ਰੇਸ਼ਨ) ਦੇ ਦਫ਼ਤਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਟੈਂਡਰ ਨਾਲ ਪਟਿਆਲਾ ਵਿਖੇ ਅਦਾਇਗੀਯੋਗ ਐਮ ਡੀ ਪੀ ਆਰ ਟੀ ਸੀ ਦੇ ਪੱਖ ਵਿਚ ਅਦਾ ਡੀ ਡੀ/ਬੈਂਕ ਗਰੰਟੀ ਦੇ ਰੂਪ ਵਿਚ ਰੁ: 1 ਲੱਖ ਦੀ ਬਿਆਨਾ ਰਾਸ਼ੀ ਨੱਥੀ ਕੀਤੀ ਜਾਵੇ। ਬੋਲੀਆਂ ਮਿਤੀ 27.09.2018 ਨੂੰ ਬਾ: ਦੁ: 1:00 ਵਜੇ ਜਨਰਲ ਮੈਨੇਜਰ (ਆਪ੍ਰੇਸ਼ਨ), ਹੈੱਡ ਆਫ਼ਿਸ, ਪੀ ਆਰ ਟੀ ਸੀ ਪਟਿਆਲਾ ਦੇ ਦਫ਼ਤਰ ਵਿਚ ਪਹੁੰਚ ਜਾਣ। ਬੋਲੀਕਾਰ ਜਿਨ੍ਹਾਂ ਨੇ 01.08.2018 ਨੂੰ ਦੀ ਹਿੰਦੁਸਤਾਨ ਟਾਈਮਜ਼, ਰੋਜ਼ਾਨਾ ਅਜੀਤ ਅਤੇ ਦੈਨਿਕ ਭਾਸਕਰ ਵਿਚ ਪ੍ਰਕਾਸ਼ਿਤ ਟੈਂਡਰ ਦੇ ਹੁੰਗਾਰੇ ਵਿਚ ਆਪਣੀਆਂ ਬੋਲੀਆਂ ਪਹਿਲਾਂ ਹੀ ਪੇਸ਼ ਕੀਤੀਆਂ ਹਨ ਨੂੰ ਨਵੀਆਂ ਬੋਲੀਆਂ ਪੇਸ਼ ਕਰਨ ਦੀ ਲੋੜ ਨਹੀਂ ਹੈ। ਇਥੇ ਪਹਿਲੀਆਂ ਬੋਲੀਆਂ ਅਨੁਸਾਰ ਵਿਚਾਰਿਆ ਜਾਵੇਗਾ। ਮੈਨੇਜਿੰਗ ਡਾਇਰੈਕਟਰ ਪੀ ਆਰ ਟੀ ਸੀ ਬਿਨਾਂ ਕੋਈ ਕਾਰਨ ਦੱਸੇ ਕਿਸੇ ਜਾਂ ਸਾਰੇ ਟੈਂਡਰਾਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

**ਮੈਨੇਜਿੰਗ ਡਾਇਰੈਕਟਰ**
**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ।**

ਯਾਤਰਾ ਸੁਰੱਖਿਅਤ ਅਤੇ ਅਰਾਮਦਾਇਕ ਬਣਾਓ

'ਅਜੀਤ'

## पेप्सू रोड ट्रांसपोर्ट कार्पोरेशन, पटियाला

### निविदा सूचना

पीआरटीसी पंजाब में विभिन्न स्टेशनों से दिल्ली एवं उसके बाहर अपनी इंटिग्रल कोचेस, एचवीएसी तथा ऑर्डिनरी बसों का संचालन कर रहा है, एनएच-1 पर अधिकृत प्रवेश/निकास, बसों को रोकने हेतु उचित पार्किंग जगह, मूल सुविधाएं रखते राजपुरा, करनाल एवं मुरथल में एवं आसपास एनएच-1 पर स्थित होटलों/रेस्टोरेंट/ढाबों के मालिकों से मोहरबंद निविदाएं आमंत्रित की जाती है। निविदा के विस्तृत नियम एवं शर्तें रु. 1000/- का भुगतान करने पर जीएम (आप्रेशन) के कार्यालय से प्राप्त की जा सकती है। निविदा के साथ एमडी पीआरटीसी के पक्ष में देय पटियाला में अदायगी योग्य डीडी/बैंक गारंटी के रूप में रु. 1 लाख की धरोहर राशि संलग्न होनी चाहिए। बोलियां 27.9.2018 को अप. 1.00 बजे तक महाप्रबंधक (आप्रेशन) मुख्य कार्यालय, पीआरटीसी पटियाला के कार्यालय में पहुंच जानी चाहिए। बोलीदाता जिन्होंने 1.8.2018 को द हिन्दुस्तान टाइम्स, डेली अजीत एवं दैनिक भास्कर में प्रकाशित निविदा के प्रतिउत्तर में अपनी बोली जमा कराई है उन्हें नई बोलियां जमा कराने की आवश्यकता नहीं है। चूंकि उनकी पूर्व बोलियां ही विचारी जाएंगी। प्रबंध निदेशक पीआरटीसी बिना कोई कारण बताए किसी भी अथवा सभी निविदाओं को स्वीकार अथवा रद्द करने का अधिकार सुरक्षित रखते हैं।

**प्रबंध निदेशक**
**पेप्सू रोड ट्रांसपोर्ट कार्पोरेशन, पटियाला**

'दैनिक भास्कर'

## PEPSU ROAD TRANSPORT CORPORATION, PATIALA

### TENDER NOTICE

PRTC, operating its Integral Coaches, HVAC and Ordinary buses from various stations in Punjab to Delhi and beyond, seeks sealed bids from the owner of hotels/restaurants/dhabas located at the NH-1 in & around Rajpura, Karnal and Murthal having authorised entrance/exit at NH-1, adequate parking space, basic amenities for halting of the buses. The detailed terms and conditions of the tender can be obtained from the office of GM(operation) on payment of Rs. 1000/-. Tender must be accompanied with an earnest money of Rs. 1 lakh in the form of DD/Bank guarantee drawn in favour of MD PRTC payable at Patiala. Bids must reach in the office of General Manager (operation), Head Office, PRTC, Patiala on **27.09.2018** by 01:00 PM. The bidders who have earlier submitted their bid in response the tender published in The Hindustan Times, Daily Ajit and Dainik Bhaskar on 01.08.2018 need not submit fresh bids as there previous bids will be considered. The Managing Director, PRTC reserves the right to accept or reject any or all the Tender without assigning any reason.

**Managing Director,**
Pepsu Road Transport Corporation, Patiala

Making Travel Safe & Comfortable

Hindustan Times

P.R.O 12/09/18